# ਪਲਲਿਕ ਸੂਚਨਾਂ।

ਨਗਰ ਨਿਗਮ, ਅੰਮ੍ਰਿਤਸਰ ਦੀ ਹਦੂਦ ਅੰਦਰ ਰਹਿ ਰਹੀ ਆਮ ਜਨਤਾ ਨੂੰ ਸੁਚਿਤ ਕੀਤਾ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਅਵਾਸ ਯੋਜਨਾਂ ਅਧੀਨ ਪੰਜਾਬ ਸਰਕਾਰ ਦੀ ਪੰਜਾਬ ਸ਼ਹਿਰੀ ਅਵਾਸ ਯੋਜਨਾਂ ਤਹਿਤ ਸ਼ਹਿਰਾਂ ਵਿਚ ਰਹਿ ਰਹੇ ਪੱਕੇ ਵਸਨੀਕਾਂ ਜਿਨ੍ਹਾਂ ਦਾ ਭਾਰਤ ਵਿਚ ਕਿਧਰੇ ਵੀ ਪੱਕਾ ਘਰ ਨਹੀ ਹੈ, ਉਨ੍ਹਾਂ ਲਈ ਆਪਣੇ ਘਰਾਂ ਨੂੰ ਪੱਕਾ ਬਣਾਉਣ ਦਾ ਸਪਨਾਂ ਪੂਰਾ ਕਰਨ ਦਾ ਸਰਕਾਰ ਵਲੋਂ ਤੀਜਾ ਮੌਕਾ ਦਿਤਾ ਜਾ ਰਿਹਾ ਹੈ, ਜਿਸ ਦਾ ਡਿਮਾਂਡ ਸਰਵੇ ਸ਼ੁਰੂ ਹੋ ਚੁਕਾ ਹੈ ਅਤੇ ਯੋਗ ਵਸਨੀਕ ਜੋ ਚਾਹਵਾਣ ਹੋਣ, ਆਪਣੇ ਬਿਨੈਪੱਤਰ ਫਾਰਮ-4 ਬੀ ਵਿਚ ਨਗਰ ਨਿਗਮ ਦੇ ਦਫਤਰ ਰਣਜੀਤ ਐਵੇਨਿਓ, ਅੰਮ੍ਰਿਤਸਰ ਵਿਖੇ ਜਮੀਨੀ ਮੰਜ਼ਿਲ ਤੇ ਸਥਾਪਿਤ ਹੈਲਪ ਡੈਕਸ ਤੇ ਭਰ ਕੇ ਕਿਸੇ ਵੀ ਕੰਮਕਾਜ਼ ਵਾਲੇ ਦਿਨ ਸਮਾਂ ਸਵੇਰੇ 9.00 ਵਜੇ ਤੋ ਦੁਪਹਿਰ 1.30 ਵਜੇ ਤੱਕ ਜਮਾਂ ਕਰਵਾ ਸਕਦੇ ਹਨ। ਇਸ ਤੋ ਇਲਾਵਾ ਯੋਗ ਅਤੇ ਚਾਹਵਾਣ ਵਸਨੀਕ ਆਪਣਾ ਬਿਨੈਪਤਰ ਆਨਲਾਈਨ *pmaymis.gov.in* ਤੇ ਵੀ ਭਰ ਕੇ ਭੇਜ ਸਕਦੇ ਹਨ। ਜਿਨ੍ਹਾਂ ਵਸਨੀਕਾਂ ਪਾਸ ਆਪਣਾ ਪਲਾਟ ਜਾ ਕੱਚਾ ਮਕਾਨ ਹੋਵੇ, ਉਹਨਾਂ ਨੂੰ ਪੰਜਾਬ ਸ਼ਹਿਰੀ ਅਵਾਸ ਯੋਜਨਾਂ/ਪ੍ਰਧਾਨ ਮੰਤਰੀ ਅਵਾਸ ਯੋਜਨਾਂ ਅਧੀਨ ਆਪਣੇ ਮਕਾਨ ਬਣਾਉਣ ਜਾਂ ਕੱਚੇ ਮਕਾਨਾਂ ਨੂੰ ਪੱਕਿਆਂ ਕਰਨ ਦਾ ਸੁਨਿਹਰੀ ਮੌਕਾ ਦਿੱਤਾ ਜਾ ਰਿਹਾ ਹੈ। ਜਿਨ੍ਹਾਂ ਵਿਅਕਤੀਆਂ ਪਾਸ ਲਾਲ ਲਕੀਰ ਅੰਦਰ ਮਾਲਕੀ ਦਾ ਕੋਈ ਸਬੂਤ ਨਹੀ ਹੈ, ਪਰੰਤੂ ਆਪਣਾ ਪਲਾਟ ਜਾ ਕੱਚਾ ਮਕਾਨ ਹੈ, ਉਨ੍ਹਾਂ ਲਈ ਸਰਕਾਰ ਵਲੋਂ ਫੈਸਲਾ ਲਿਆ ਗਿਆ ਹੈ ਕਿ ਉਹ ਹਾਊਸ ਅਸੈਸਮੈਟ ਰਜਿਸਟਰ (ਟੀ.ਐਸ.1) ਦੀ ਕਾਪੀ ਜਾਂ ਬਿਜਲੀ ਦਾ ਬਿੱਲ ਜਾਂ ਪਾਣੀ ਅਤੇ ਸੀਵਰੇਜ਼ ਦੇ ਬਿੱਲਾਂ ਦੀਆਂ ਕਾਪੀਆਂ ਆਪਣੇ ਬਿਨੈਪੱਤਰ ਨਾਲ ਲਗਾਕੇ ਦੇਣ ਉਪਰੰਤ ਇਸ ਸਕੀਮ ਦਾ ਲਾਭ ਪ੍ਰਾਪਤ ਕਰ ਸਕਦੇ ਹਨ।

ਇਸ ਸਕੀਮ ਦੀਆਂ ਸ਼ਰਤਾਂ ਅਤੇ ਵਧੇਰੇ ਜਾਣਕਾਰੀ ਵਿਭਾਗ ਦੀ ਵੈਬਸਾਈਟ *pmaymis.gov.in* ਤੇ ਵੀ ਉਪਲਬੱਧ ਹੈ।

**ਲਾਭਪਾਤਰੀ ਲਈ ਯੋਗਤਾ.-**

1) ਲਾਭਪਾਤਰ ਭਾਵ ਪਰਿਵਾਰ ਜਿਸ ਵਿਚ ਪਤੀ, ਪਤਨੀ ਅਤੇ ਬਿਨ ਵਿਆਹੇ ਬਚੇ ਸ਼ਾਮਲ ਹਨ।
2) ਲਾਭਪਾਤਰ ਦੇ ਪਰਿਵਾਰ ਕੋਲ ਭਾਰਤ ਦੇਸ਼ ਵਿਚ ਕਿਤੇ ਵੀ ਕੋਈ ਪੱਕਾ ਘਰ ਨਾਂ ਹੋਵੇ।
3) ਆਰਥਿਕ ਤੌਰ ਤੇ ਕਮਜੋਰ ਵਰਗ ਵਾਲੇ ਪਰਿਵਾਰ ਭਾਵ ਜਿਸ ਪਰਿਵਾਰ ਦੀ ਸਲਾਨਾ ਆਮਦਨ 3.00 ਲੱਖ ਰੁਪਏ ਤੱਕ ਹੋਵੇ।
4) ਬਿਨੈਕਾਰ ਦਾ ਭਾਰਤ ਵਿਚ ਇਸ ਪ੍ਰਾਪਰਟੀ ਤੋ ਇਲਾਵਾ ਕਿਤੇ ਵੀ ਕੋਈ ਹੋਰ ਪੱਕਾ ਮਕਾਨ ਨਹੀ ਹੈ।
5) ਸਕੀਮ ਦਾ ਲਾਭ ਕੇਵਲ ਉਨ੍ਹਾਂ ਨੂੰ ਦਿਤਾ ਜਾਵੇਗਾ ਜੋ ਸਕੀਮ ਤਹਿਤ ਮਿਥੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਸਥਾਨਕ ਅਧਿਕਾਰੀਆਂ ਵਲੋਂ ਕੀਤੀ ਗਈ ਪੜ੍ਹਤਾਲ ਤਹਿਤ ਖਰੇ ਉਤਰਦੇ ਹੋਣ।

6) ਲਾਭਪਾਤਰ ਨਗਰ ਨਿਗਮ, ਅੰਮ੍ਰਿਤਸਰ ਦਾ ਵਸਨੀਕ ਹੋਵੇ, ਵੋਟਰਕਾਰਡ ਧਾਰਕ ਹੋਵੇ ਅਤੇ ਮਕਾਨ ਲਈ ਭੌ/ਕੱਚੇ ਮਕਾਨ/ਅਧੇ ਕੱਚੇ ਮਕਾਨ ਦਾ ਮਾਲਕ ਹੋਵੇ।
7) ਇਸ ਸਕੀਮ ਤਹਿਤ ਮਕਾਨ ਦੀ ਨਵੀ ਉਸਾਰੀ ਲਈ ਰਾਸ਼ੀ 30 ਵਰਗ ਮੀਟਰ ਤੱਕ ਦੀ ਦਿਤੀ ਜਾਵੇਗੀ।
8) ਇਸ ਸਕੀਮ ਤਹਿਤ ਲਾਭਪਾਤਰੀਆਂ ਵਲੋਂ ਪਹਿਲਾਂ ਉਸਾਰੇ ਹੋਏ ਮਕਾਨ ਦੀ ਉਸਾਰੀ ਵਿਚ ਵਾਧੇ ਲਈ ਘੱਟ ਤੋ ਘੱਟ 9 ਵਰਗ ਮੀਟਰ ਅਤੇ ਵੱਧ ਤੋ ਵੱਧ 21 ਵਰਗ ਮੀਟਰ ਤੱਕ ਦੀ ਉਸਾਰੀ ਲਈ ਹੀ ਲਾਭ ਮਿਲੇਗਾ।

<u>ਇਸ ਸਕੀਮ ਤਹਿਤ ਮਿਲਣ ਵਾਲੇ ਲਾਭ.-</u>

1) ਯੋਗ ਲਾਭਪਾਤਰ ਨੂੰ ਨਵੀ ਉਸਾਰੀ ਲਈ 1.50 ਲੱਖ ਰੁਪਏ ਦੀ ਵਿੱਤੀ ਸਹਾਇਤਾ ਚਾਰ (4) ਕਿਸ਼ਤਾਂ ਵਿਚ ਦਿਤੀ ਜਾਵੇਗੀ।
2) ਮਕਾਨ ਦੇ ਵਾਧੇ ਦੇ ਕੇਸਾਂ ਵਿਚ ਸਰਕਾਰ ਵਲੋ ਨਿਰਧਾਰਤੀ ਕੀਤੀ ਗਈ ਰਾਸ਼ੀ 4 ਕਿਸ਼ਤਾਂ ਵਿਚ ਲਾਭਪਾਤਰੀ ਨੂੰ ਅਦਾ ਕੀਤੀ ਜਾਵੇਗੀ।

<u>ਹਰ ਲਾਭਪਾਤਰੀ ਵਲੋ ਇਸ ਸਕੀਮ ਤਹਿਤ ਹੇਠ ਲਿਖੀਆਂ ਸ਼ਰਤਾਂ ਦੀ ਪਾਲਣਾ ਕਰਨੀ ਹੋਵੇਗੀ.-</u>

1) ਕਿ ਉਸ ਦਾ ਭਾਰਤ ਵਿਚ ਇਸ ਪ੍ਰਾਪਰਟੀ ਤੋ ਇਲਾਵਾ ਕੋਈ ਹੋਰ ਪੱਕਾ ਮਕਾਨ ਨਹੀ ਹੈ।
2) ਕਿ ਉਹ ਨਗਰ ਨਿਗਮ, ਅੰਮ੍ਰਿਤਸਰ ਦੀ ਹਦੂਦ ਅੰਦਰ ਰਹਿੰਦਾ/ਰਹਿੰਦੀ ਹੈ।
3) ਕਿ ਉਸ ਦੀ ਹਰ ਵਸੀਲਿਆਂ ਤੋਂ ਸਲਾਨਾ ਪਰਿਵਾਰਿਕ ਆਮਦਨ 3,00,000/- ਰੁਪਏ ਤੱਕ ਹੈ।
4) ਕਿ ਉਸ ਨੇ ਪਿਛਲੇ ਪੰਜ ਸਾਲਾਂ ਦੌਰਾਨ ਕੇਦਰ ਜਾਂ ਰਾਜ ਸਰਕਾਰ ਵਲੋ ਚਲਾਈ ਗਈ ਕਿਸੇ ਵੀ ਹਾਊਸਿੰਗ ਸਕੀਮ ਦਾ ਲਾਭ ਨਹੀ ਲਿਆ।
5) ਬਿਨੈਕਾਰ ਵਲੋ ਘੋਸ਼ਨਾਂ ਕੀਤੀ ਜਾਵੇਗੀ ਹੈ ਕਿ ਉਸਾਰੀ ਲਈ ਜਮੀਨੀ ਪ੍ਰਾਪਰਟੀ ਉਸ ਦੀ ਆਪਣੀ ਮਲਕੀਤੀ ਹੈ।
6) ਬਿਨੈਕਾਰ ਵਲੋ ਇਮਾਰਤ ਦੀ ਉਸਾਰੀ ਸਬੰਧਤ ਵਿਭਾਗ ਵਲੋਂ ਦਸੇ ਗਏ ਬਿਲਡਿੰਗ ਨਿਯਮਾਂ ਅਤੇ ਪੰਜਾਬ ਸ਼ਹਿਰੀ ਅਵਾਸ ਯੋਜਨਾਂ/ਪ੍ਰਧਾਨ ਮੰਤਰੀ ਅਵਾਸ ਯੋਜਨਾਂ ਸਕੀਮ ਦੇ ਨਿਯਮਾਂ ਅਨੁਸਾਰ ਕੀਤੀ ਜਾਵੇਗੀ।
7) ਬਿਨੈਕਾਰ ਵਲੋ ਸਾਰੇ ਲੋੜੀਦੇ ਦਸਤਾਵੇਜ ਅਤੇ ਉਸਾਰੀ ਦੀ ਪ੍ਰਗਤੀ ਰਿਪੋਰਟ ਲੋੜ ਅਨੁਸਾਰ ਸਮੇ ਸਮੇ ਤੇ ਪੀ.ਐਮ.ਏ.ਵਾਈ.ਵਿਭਾਗ ਨੂੰ ਮੁਹਈਆ ਕਰਾਈ ਜਾਵੇਗੀ।
8) ਬਿਨੈਕਾਰ ਇਸ ਮਕਾਨ ਨੂੰ ਸਿਰਫ ਆਪਣੇ ਨਿਵਾਸ ਵਜੋ ਵਰਤੇਗਾ ਅਤੇ ਕਿਰਾਏ ਜਾਂ ਲੀਜ਼ ਤੇ ਨਹੀ ਦਵੇਗਾ/ਦਵੇਗੀ ਅਤੇ ਅਗਲੇ ਪੰਜ ਸਾਲਾਂ ਦੌਰਾਨ ਉਹ ਇਸ ਮਕਾਨ ਨੂੰ ਨਾਂ ਹੀ ਵੇਚੇਗਾ/ਵੇਚੇਗੀ ਅਤੇ ਨਾ ਹੀ ਢਾਹੇਗਾ/ਢਾਹਵੇਗੀ।
9) ਬਿਨੈਕਾਰ ਵਲੋ ਘੋਸ਼ਿਤ ਕੀਤਾ ਜਾਵੇਗਾ/ਜਾਵੇਗੀ ਕਿ ਉਸ ਵਲੋ ਉਕਤ ਦਿਤੀ ਜਾਣਕਾਰੀ ਜੇਕਰ ਗਲਤ ਪਾਈ ਜਾਂਦੀ ਹੈ ਤਾਂ ਉਹ ਕਾਨੂੰਨ ਅਧੀਨ ਸਜਾ ਦਾ/ਦੀ ਭਾਗੀਦਾਰ ਹੋਵਾਂਗਾ/ਹੋਵਾਂਗੀ ਅਤੇ ਇਸ ਸਕੀਮ ਰਾਹੀ ਮਿਲੇ ਲਾਭ ਦਾ ਹੱਕ ਦਾਰ ਨਹੀ ਹੋਵਾਂਗਾ/ਹੋਵਾਂਗੀ।

ਸੰਯੁਕਤ ਕਮਿਸ਼ਨਰ,
ਨਗਰ ਨਿਗਮ, ਅੰਮ੍ਰਿਤਸਰ।